# ਦੇਖਭਾਲ ਅਤੇ ਅਵਸਰਾਂ ਲਈ ਯੋਜਨਾ



**ਖਬਰ**

28 ਮਾਰਚ, 2018

## ਦੇਖਭਾਲ ਅਤੇ ਅਵਸਰਾਂ ਲਈ ਯੋਜਨਾ ਪ੍ਰਦਾਨ ਕਰਦੇ ਹੋਏ

*ਓਨਟਾਰਿਓ ਸਿਹਤ ਦੇਖਭਾਲ, ਚਾਇਲਡ ਕੇਅਰ ਅਤੇ ਮਾਨਸਿਕ ਸਿਹਤ ਵਿੱਚ ਨਿਵੇਸ਼ ਕਰਨਾ ਜਾਰੀ ਰੱਖ ਰਿਹਾ ਹੈ*

ਅੱਜ ਸਰਕਾਰ ਨੇ 2018 ਦਾ ਬਜਟ ਜਾਰੀ ਕੀਤਾ, ਜਿਸ ਵਿੱਚ ਸਿਹਤ ਦੇਖਭਾਲ, ਚਾਇਲਡ ਕੇਅਰ ਅਤੇ ਮਾਨਸਿਕ ਸਿਹਤ ਵਿੱਚ ਮਹੱਤਵਪੂਰਨ ਨਵੇਂ ਨਿਵੇਸ਼ ਅਤੇ ਪ੍ਰਾਂਤ ਭਰ ਵਿੱਚ ਲੋਕਾਂ ਵਾਸਤੇ ਨੌਕਰੀਆਂ ਦੇ ਹੋਰ ਜ਼ਿਆਦਾ ਅਵਸਰ ਉਤਪੰਨ ਕਰਨ ਲਈ ਨਵੇਂ ਉਪਾਅ ਸ਼ਾਮਲ ਹਨ। ਬਜਟ ਅਜਿਹੀਆਂ ਪਹਿਲਾਂ ਤੇ ਵੀ ਧਿਆਨ ਕੇਂਦਰਿਤ ਕਰਦਾ ਹੈ ਜਿਹੜੀਆਂ ਜੀਵਨ ਨੂੰ ਹੋਰ ਜ਼ਿਆਦਾ ਕਿਫਾਇਤੀ ਬਣਾਉਂਦੀਆਂ ਹਨ ਅਤੇ ਤੇਜ਼ ਆਰਥਿਕ ਤਬਦੀਲੀ ਦੇ ਸਮੇਂ ਵਿੱਚ ਹੋਰ ਜ਼ਿਆਦਾ ਵਿੱਤੀ ਸੁਰੱਖਿਆ ਪ੍ਰਦਾਨ ਕਰਦੀਆਂ ਹਨ।

ਓਨਟਾਰਿਓ ਦੀ ਅਰਥ ਵਿਵਸਥਾ ਜ਼ਿਆਦਾ ਮਜ਼ਬੂਤ ਹੋ ਰਹੀ ਹੈ, ਲਗਭਗ ਦੋ ਦਹਾਕਿਆਂ ਵਿੱਚ ਬੇਰੁਜ਼ਗਾਰੀ ਦੇ ਸਭ ਤੋਂ ਘੱਟ ਰੇਟ ਦੇ ਨਾਲ। ਫਿਰ ਵੀ ਰਹਿਣ ਸਹਿਣ ਦੀ ਵੱਧਦੀ ਲਾਗਤ ਅਤੇ ਸਥਿਰ, ਲੰਮੇ-ਸਮੇਂ ਦੀਆਂ ਨੌਕਰੀਆਂ ਲੱਭਣ ਦੇ ਜ਼ਿਆਦਾ ਮੁਸ਼ਕਲ ਹੋਣ ਦੇ ਵਿਚਕਾਰ, ਬਹੁਤ ਸਾਰੇ ਲੋਕ ਆਪਣੀ ਅਤੇ ਆਪਣੇ ਪਰਿਵਾਰਾਂ ਦੀ ਦੇਖਭਾਲ ਕਰਨ ਲਈ ਸੰਘਰਸ਼ ਕਰ ਰਹੇ ਹਨ। ਜਿਵੇਂ ਬਦਲਦੀ ਅਰਥ ਵਿਵਸਥਾ ਸਾਡੇ ਸਮਾਜ ਵਿਚਲੇ ਫਾਸਲਿਆਂ ਨੂੰ ਜ਼ਿਆਦਾ ਵੱਡਾ ਕਰਦੀ ਹੈ, ਸਰਕਾਰ ਦੀ ਪ੍ਰਾਂਤ ਵਿੱਚ ਸਾਰੇ ਲੋਕਾਂ ਨੂੰ ਉਸ ਦੇਖਭਾਲ ਅਤੇ ਅਵਸਰ ਦੇ ਨਾਲ ਸਹਾਰਾ ਦੇ ਕੇ ਜ਼ਿਆਦਾ ਨਿਆਂਪੂਰਨ, ਬਿਹਤਰ ਓਨਟਾਰਿਓ ਦਾ ਨਿਰਮਾਣ ਕਰਨ ਲਈ ਯੋਜਨਾ ਹੈ, ਜਿਸਦੀ ਲੋੜ ਉਨ੍ਹਾਂ ਨੂੰ ਅਗੇ ਵੱਧਣ ਵਾਸਤੇ ਹੈ।

ਚਾਰਲਜ਼ ਸੂਜ਼ਾ, ਮਨਿਸਟਰ ਆਫ ਫਾਈਨੈਂਸ, ਨੇ ਅੱਜ ਵਿਧਾਨ ਸਭਾ ਵਿੱਚ ਬਜਟ ਪੇਸ਼ ਕੀਤਾ ਹੈ। ਜੇ ਇਹ ਪਾਸ ਹੋ ਜਾਂਦਾ ਹੈ, ਓਨਟਾਰਿਓ 65 ਸਾਲ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਲਈ ਮੁਫਤ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਦੇ ਨਾਲ OHIP+ ਨੂੰ ਵਧਾਏਗਾ, ਮਾਨਸਿਕ ਸਿਹਤ ਦੇਖਭਾਲ ਅਤੇ ਲਤਾਂ ਲਈ ਸੇਵਾਵਾਂ ਨੂੰ ਸੁਧਾਰੇਗਾ ਅਤੇ ਢਾਈ ਸਾਲ ਦੇ ਬੱਚਿਆਂ ਲਈ ਕਿੰਡਰਗਾਰਟਨ ਲਈ ਯੋਗ ਹੋ ਜਾਣ ਤੱਕ ਮੁਫਤ ਪ੍ਰੀਸਕੂਲ ਦੀ ਸ਼ੁਰੂਆਤ ਕਰੇਗਾ।

## ਦੇਖਭਾਲ ਵਿੱਚ ਨਿਵੇਸ਼ ਕਰਨਾ

ਓਨਟਾਰਿਓ ਇਹ ਚੀਜ਼ਾਂ ਕਰਕੇ ਵਿਅਕਤੀਆਂ ਅਤੇ ਪਰਿਵਾਰਾਂ ਤੇ ਵੱਧ ਰਹੇ ਦਬਾਆਂ ਨੂੰ ਘਟਾਉਣ ਵਿੱਚ ਸਹਾਇਤਾ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਿਆਰਿਆਂ ਦੀ ਦੇਖਭਾਲ ਕਰਨ ਦਾ ਹਰੇਕ ਅਵਸਰ ਦੇ ਰਿਹਾ ਹੈ:

- ਨਵਾਂ ਸੀਨੀਅਰਜ਼ ਹੈਲਦੀ ਹੋਮ ਪ੍ਰੋਗਰਾਮ ਸ਼ੁਰੂਆਤ ਕਰਕੇ। ਇਹ ਵਡੇਰੀ ਉਮਰ ਦੇ ਬਜ਼ੁਰਗਾਂ ਦੇ ਘਰ ਵਿੱਚ, ਜਿਥੇ ਉਹ ਰਹਿਣਾ ਚਾਹੁੰਦੇ ਹਨ, ਰਹਿਣ ਨਾਲ ਸੰਬੰਧਤ ਲਾਗਤਾਂ ਨੂੰ ਮਾਨਤਾ ਦਿੰਦਾ ਹੈ। ਇਹ 75 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ

ਦੀ ਅਗਵਾਈ ਹੇਠ ਯੋਗ ਘਰਾਂ ਨੂੰ ਉਨ੍ਹਾਂ ਨੂੰ ਆਤਮਨਿਰਭਰ ਢੰਗ ਨਾਲ ਜੀਣ ਅਤੇ ਉਨ੍ਹਾਂ ਦੇ ਘਰਾਂ ਦੇ ਰੱਖ ਰਖਾਅ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਸਾਲਾਨਾ $750 ਤੱਕ ਦਾ ਲਾਭ ਮੁਹੱਈਆ ਕਰਦਾ ਹੈ।

- ਇੱਕ ਨਵੇਂ ਓਨਟਾਰਿਓ ਡਰੱਗ ਐਂਡ ਡੈਂਟਲ ਪ੍ਰੋਗਰਾਮ ਦੀ ਸ਼ੁਰੂਆਤ ਕਰਕੇ ਕੰਮ ਦੇ ਸਥਾਨ ਤੇ ਸਿਹਤ ਸੰਬੰਧੀ ਲਾਭਾਂ ਤੋਂ ਬਿਨਾਂ ਜਾਂ  OHIP+ ਜਾਂ ਹੋਰ ਸਰਕਾਰੀ ਪ੍ਰੋਗਰਾਮਾਂ ਦੇ ਹੇਠ ਨਾ ਆਉਣ ਵਾਲੇ ਲੋਕਾਂ ਲਈ, ਹਰ ਸਾਲ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਅਤੇ ਦੰਦਾਂ ਸੰਬੰਧੀ ਯੋਗ ਖਰਚਿਆਂ ਲਈ, 80 ਪ੍ਰਤੀਸ਼ਤ ਵਾਪਸ ਕਰਨਾ, ਪ੍ਰਤੀ ਇਕੱਲੇ ਵਿਅਕਤੀ ਲਈ $400, ਹਰ ਜੋੜੇ ਲਈ $600 ਅਤੇ ਦੋ ਬੱਚਿਆਂ ਦੇ ਚਾਰ ਵਿਅਕਤੀਆਂ ਦੇ ਪਰਿਵਾਰ ਲਈ $700 ਦੇ ਅਧਿਕਤਮ ਤੱਕ।
- ਢਾਈ ਸਾਲ ਦੇ ਬੱਚਿਆਂ ਲਈ ਉਨ੍ਹਾਂ ਦੇ ਕਿੰਡਰਗਾਰਟਨ ਲਈ ਯੋਗ ਹੋ ਜਾਣ ਤੱਕ ਪ੍ਰੀਸਕੂਲ ਚਾਇਲਡ ਕੇਅਰ ਨੂੰ ਮੁਫਤ ਬਣਾ ਕੇ ਹੋਰ ਜ਼ਿਆਦਾ ਕਿਫਾਇਤੀ ਗੁਣਵੱਤਾ ਵਾਲੀ ਚਾਇਲਡ ਕੇਅਰ ਮੁਹੱਈਆ ਕਰਕੇ। ਇਹ ਇੱਕ ਬੱਚੇ ਵਾਲੇ ਪਰਿਵਾਰ ਲਈ ਔਸਤਨ $17,000 ਬਚਾਉਂਦਾ ਹੈ ਅਤੇ ਉਨ੍ਹਾਂ ਬਚਤਾਂ ਨੂੰ ਵਧਾਉਂਦਾ ਹੈ ਜਿਹੜੀਆਂ ਪਰਿਵਾਰ ਫੁੱਲ-ਡੇ ਕਿੰਟਰਗਾਰਟਨ ਤੋਂ ਪ੍ਰਾਪਤ ਕਰਦੇ ਹਨ। ਇਹ ਦਰਸ਼ਾਇਆ ਗਿਆ ਹੈ ਕਿ ਮੁਢਲੀ ਸਿੱਖਿਆ ਬੱਚਿਆਂ ਦੇ ਅਕਾਦਮਿਕ ਪ੍ਰਦਰਸ਼ਨ ਨੂੰ ਉਨ੍ਹਾਂ ਦੇ ਪੂਰੇ ਜੀਵਨਾਂ ਵਿੱਚ ਸੁਧਾਰਦੀ ਹੈ।
- ਲੱਖਾਂ ਹੋਰ ਜ਼ਿਆਦਾ ਬੱਚਿਆਂ, ਨੌਜਵਾਨਾਂ ਅਤੇ ਬਾਲਗਾਂ ਵਾਸਤੇ ਓਨਟਾਰਿਓ ਭਰ ਵਿੱਚ ਮਾਨਸਿਕ ਸਿਹਤ ਸੰਬੰਧੀ ਅਤੇ ਲਤਾਂ ਸੰਬੰਧੀ ਸੇਵਾਵਾਂ ਤੱਕ ਬਿਹਤਰ ਅਤੇ ਜ਼ਿਆਦਾ ਤੇਜ਼ ਪਹੁੰਚ ਮੁਹੱਈਆ ਕਰਕੇ  - ਕੁਲ ਫੰਡਿਗ ਨੂੰ ਚਾਰ ਸਾਲਾਂ ਵਿੱਚ $17 ਬਿਲੀਅਨ ਤੋਂ ਵਧ ਤੱਕ ਲਿਆਉਂਦੇ ਹੋਏ।
- ਦੇਖਭਾਲ ਤੱਕ ਬਿਹਤਰ ਪਹੁੰਚ ਪ੍ਰਦਾਨ ਕਰਕੇ, ਉਡੀਕ ਦੇ ਸਮਿਆਂ ਨੂੰ ਘਟਾ ਕੇ, ਸਮਰੱਥਾ ਸੰਬੰਧੀ ਮੁੱਦਿਆਂ ਨਾਲ ਨਜਿੱਠ ਕੇ ਹਸਪਤਾਲਾਂ ਨੂੰ ਸੁਧਾਰ ਕੇ ਅਤੇ 2018-19 ਵਿੱਚ $822 ਮਿਲੀਅਨ ਦੇ ਵਾਧੂ ਨਿਵੇਸ਼  – ਲਗਭਗ ਇੱਕ ਦਹਾਕੇ ਵਿੱਚ ਕਿਸੀ ਵੀ ਸਰਕਾਰ ਦੁਆਰਾ ਹਸਪਤਾਲਾਂ ਵਿੱਚ ਇਕੱਲਾ ਸਭ ਤੋਂ ਵੱਡਾ ਨਿਵੇਸ਼ – ਕਰਕੇ ਓਨਟਾਰਿਓ ਦੀ ਵੱਧ ਰਹੀ ਅਤੇ ਬਿਰਧ ਹੋ ਰਹੀ ਆਬਾਦੀ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਕੇ । ਪ੍ਰਾਂਤ ਲੋਕਾਂ ਲਈ ਹੋਰ ਜ਼ਿਆਦਾ ਅਤੇ ਜ਼ਿਆਦਾ ਤੇਜ਼ ਸਿਹਤ ਸੰਭਾਲ ਮੁਹੱਈਆ ਕਰਨ ਵਾਸਤੇ ਹਸਪਤਾਲਾਂ ਦਾ ਨਿਰਮਾਣ ਕਰਨ ਅਤੇ ਉਨ੍ਹਾਂ ਨੂੰ ਨਵਾਂ ਕਰਨ ਲਈ 10 ਸਾਲਾਂ ਵਿੱਚ ਲਗਭਗ $19 ਬਿਲੀਅਨ ਦਾ ਨਿਵੇਸ਼ ਵੀ ਕਰ ਰਿਹਾ ਹੈ।
- ਅਗਲੇ 10 ਸਾਲਾਂ ਵਿੱਚ 30,000 ਨਵੇਂ ਲੌਂਗ-ਟਰਮ ਦੇਖਭਾਲ ਬੈੱਡ ਉਤਪੰਨ ਕਰਕੇ – 2022 ਤੱਕ 5,000 ਨਵੇਂ ਬੈੱਡ ਜੋੜ ਕੇ - ਅਜਿਹੇ ਲੋਕਾਂ ਦੀ ਸਹਾਇਤਾ ਕਰਨ ਵਾਸਤੇ ਜੋ ਹੁਣ ਆਤਮਨਿਰਭਰਤਾ ਨਾਲ ਨਹੀਂ ਰਹਿ ਸਕਦੇ ਅਤੇ ਉਨ੍ਹਾਂ ਦੀ ਦੇਖਭਾਲ ਕਰ ਰਹੇ ਲੋਕਾਂ ਵਾਸਤੇ ਮਾਨਸਿਕ ਸ਼ਾਤੀ ਪ੍ਰਦਾਨ ਕਰਨ ਲਈ। ਇਹ ਨਵੇਂ ਬੈੱਡ ਮੁੜ ਕੇ ਵਿਕਸਤ ਕੀਤੇ ਜਾ ਰਹੇ 30,000 ਮੌਜੂਦਾ ਬੈੱਡਾਂ ਤੋਂ ਇਲਾਵਾ ਹਨ।
- ਵਿਕਾਸ ਸੰਬੰਧੀ ਅਪੰਗਤਾਵਾਂ ਵਾਲੇ 47,000 ਬਾਲਗਾਂ ਦੇ ਲਈ ਸੇਵਾਵਾਂ ਨੂੰ ਮਜ਼ਬੂਤ ਕਰਨ ਵਾਸਤੇ $1.8 ਬਿਲੀਅਨ ਦਾ

ਨਿਵੇਸ਼ ਕਰਕੇ ਨਿਆਂਪੂਰਨ ਸਮਾਜ ਦਾ ਨਿਰਮਾਣ ਕਰਕੇ ਅਤੇ ਚੋਣ ਅਤੇ ਸੁਤੰਤਰਤਾ ਨੂੰ ਵਧਾ ਕੇ ਅਤੇ ਸਮਾਜਕ ਸਹਾਇਤਾ ਪ੍ਰਣਾਲੀ ਨੂੰ ਅਸੂਲਾਂ ਅਤੇ ਨਿਯਮਾਂ ਦੀ ਬਜਾਏ ਲੋਕਾਂ ਤੇ ਧਿਆਨ ਕੇਂਦਰਿਤ ਕਰਨ ਲਈ ਬਦਲ ਕੇ।

## ਜੀਵਨ ਨੂੰ ਜ਼ਿਆਦਾ ਕਿਫਾਇਤੀ ਬਣਾਉਣਾ

ਪਰਿਵਾਰ ਵੱਧਦੇ ਹੋਏ ਦਬਾਆਂ ਦਾ ਸਾਮ੍ਹਣਾ ਕਰ ਰਹੇ ਹਨ- ਭਾਵੇਂ ਉਹ ਕੰਮ ਤੇ ਹੋਣ ਜਾਂ ਰੋਜ਼ਾਨਾ ਆਉਣ-ਜਾਣ ਤੇ ਜਾਂ ਉਨ੍ਹਾਂ ਦੀ ਪਾਕੇਟਬੁਕ ਵਿੱਚ – ਅਤੇ ਇਸ ਦਾ ਅਸਲ ਪ੍ਰਭਾਵ ਲੋਕਾਂ ਦੇ ਜੀਵਨਾਂ ਅਤੇ ਆਪਣੇ ਪਿਆਰਿਆਂ ਦੀ ਦੇਖਭਾਲ ਕਰਨ ਦੀ ਸਾਡੀ ਸਮਰੱਥਾ ਤੇ ਪੈ ਰਿਹਾ ਹੈ। ਓਨਟਾਰਿਓ ਜੀਵਨ ਨੂੰ ਹੋਰ ਜ਼ਿਆਦਾ ਕਿਫਾਇਤੀ ਬਣਾਉਣ ਲਈ ਅਤੇ ਤੇਜ਼ ਆਰਥਿਕ ਤਬਦੀਲੀ ਦੇ ਸਮੇਂ ਵਿੱਚ ਹੋਰ ਜ਼ਿਆਦਾ ਵਿੱਤੀ ਸੁਰੱਖਿਆ ਪ੍ਰਦਾਨ ਕਰਨ ਲਈ ਕਦਮ ਚੁੱਕ ਰਿਹਾ ਹੈ:

- OHIP+ ਰਾਹੀਂ 65 ਸਾਲਾਂ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਨੂੰ ਪੂਰੀ ਤਰ੍ਹਾਂ ਮੁਫਤ ਕਰ ਰਿਹਾ ਹੈ, ਯਕੀਨੀ ਬਣਾਉਂਦੇ ਹੋਏ ਕਿ ਕੋਈ ਵੀ ਬਜ਼ੁਰਗ ਨਾਗਰਿਕ ਕਦੇ ਵੀ ਜ਼ਰੂਰੀ ਦਵਾਈਆਂ ਤੋਂ ਬਿਨਾਂ ਨਹੀਂ ਰਹਿੰਦਾ। ਓਨਟਾਰਿਓ ਡਰੱਗ ਬੈਨੇਫਿਟ ਦੀ ਸਲਾਨਾ ਕਟੌਤੀ ਅਤੇ ਕੋ-ਪੇ ਨੂੰ ਖਤਮ ਕਰਕੇ, ਇਹ ਓਨਟਾਰਿਓ ਦੇ ਔਸਤ ਬਜ਼ੁਰਗ ਲਈ ਹਰ ਸਾਲ $240 ਦੀ ਬਚਤ ਕਰਦਾ ਹੈ। OHIP+ ਵਿੱਚ ਇਹ ਵਾਧਾ *2017 ਓਨਟਾਰਿਓ ਬਜਟ* ਵਿੱਚ 25 ਸਾਲ ਤੋਂ ਘੱਟ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਮੁਫਤ ਦਵਾਈਆਂ ਦੀ ਸ਼ੁਰੂਆਤ ਤੋਂ ਬਾਅਦ ਆਉਂਦਾ ਹੈ।
- 1 ਜੁਲਾਈ, 2017 ਤੋਂ ਪਬਲਿਕ ਟਰਾਂਜ਼ਿਟ ਕ੍ਰੈਡਿਟ ਮੁਹੱਈਆ ਕਰ ਰਿਹਾ ਹੈ ਜਿਹੜਾ ਬਜ਼ੁਰਗਾਂ ਲਈ ਹਰ ਸਾਲ $450 ਤੱਕ ਦੀ ਬਚਤ ਕਰਦਾ ਹੈ ਅਤੇ ਸਧਾਰਨ ਪੱਧਰ ਦੇ ਰੋਜ਼ਾਨਾ ਯਾਤਰੀ ਲਈ ਗੋ ਟਰਾਂਜ਼ਿਟ/ਅਪ (UP) ਐਕਸਪ੍ਰੈਸ ਨੈੱਟਵਰਕ ਅਤੇ ਟੀਟੀਸੀ ਵਿਚਕਾਰ ਟਰਾਂਸਫਰ ਕਰਨ ਵੇਲੇ ਰੋਜ਼ਾਨਾ ਯਾਤਰਾ ਦੇ ਖਰਚਿਆਂ ਨੂੰ ਲਗਭਗ $720 ਪ੍ਰਤੀ ਸਾਲ ਘਟਾ ਰਿਹਾ ਹੈ।
- 1 ਜੁਲਾਈ, 2017 ਤੋਂ ਬਿਜਲੀ ਦੇ ਬਿਲਾਂ ਵਿੱਚ ਔਸਤਨ 25 ਪ੍ਰਤੀਸ਼ਤ ਅਤੇ ਯੋਗ ਦਿਹਾਤੀ ਅਤੇ ਘੱਟ ਆਮਦਨੀ ਵਾਲੇ ਪਰਿਵਾਰਾਂ ਵਾਸਤੇ 40 ਜਾਂ 50 ਪ੍ਰਤੀਸ਼ਤ ਦੀ ਕਟੌਤੀ ਕਰ ਰਿਹਾ ਹੈ।

## ਲੋਕਾਂ ਲਈ ਅਵਸਰ ਉਤਪੰਨ ਕਰਨਾ

ਓਨਾਰਿਓ ਲੋਕਾਂ ਨੂੰ ਬਦਲ ਰਹੀ ਅਰਥ ਵਿਵਸਥਾ ਵਿੱਚ ਢਲਣ, ਅਤੇ ਫੁਲੱਣ-ਫੱਲਣ ਵਿੱਚ ਇਹ ਯਕੀਨੀ ਬਣਾਉਣ ਲਈ ਮਦਦ ਕਰ ਰਿਹਾ ਹੈ ਕਿ ਪ੍ਰਾਂਤ ਰਹਿਣ, ਕੰਮ ਅਤੇ ਕਾਰੋਬਾਰ ਕਰਨ ਲਈ ਸਭ ਤੋਂ ਵਧੀਆ ਜਗ੍ਹਾ ਬਣਿਆ ਰਹੇ। ਕਾਰਵਾਈਆਂ ਵਿੱਚ ਸ਼ਾਮਲ ਹਨ:

- ਸਾਰੀਆਂ ਉਮਰਾਂ ਦੇ 225,000 ਤੋਂ ਵੱਧ ਵਿਦਿਆਰਥੀਆਂ ਵਾਸਤੇ ਕਾਲਜ ਅਤੇ ਯੂਨੀਵਰਸਿਟੀ ਟਿਊਸ਼ਨ ਨੂੰ ਮੁਫਤ ਬਣਾਉਣਾ। ਘੱਟ ਅਤੇ ਦਰਮਿਆਨੀ ਆਮਦਨੀਆਂ ਵਾਲੇ ਪਰਿਵਾਰਾਂ ਤੋਂ ਵਿਦਿਆਰਥੀਆਂ ਲਈ ਮੁਫਤ ਜਾਂ ਘੱਟ ਟਿਊਸ਼ਨ ਉਪਲੱਬਧ ਹੈ; $90,000 ਤੱਕ ਕਮਾਉਣ ਵਾਲਿਆਂ ਲਈ ਟਿਊਸ਼ਨ ਮੁਫਤ ਹੈ ਅਤੇ $175,000 ਤੱਕ ਕਮਾਉਣ ਵਾਲੇ

ਪਰਿਵਾਰਾਂ ਤੋਂ ਆਉਣ ਵਾਲੇ ਵਿਦਿਆਰਥੀ ਵੀ ਵਿੱਤੀ ਸਹਾਇਤਾ ਲਈ ਯੋਗ ਹਨ।

- ਤਿੰਨ ਸਾਲਾਂ ਵਿੱਚ ਅਜਿਹੇ ਪੋਸਟ ਸੈਕੰਡਰੀ ਸਕੂਲੀ ਪ੍ਰੋਗਰਾਮ, ਜਿਹੜੇ ਵਿਦਿਆਰਥੀਆਂ ਅਤੇ ਰੁਜ਼ਗਾਰਦਾਤਾਵਾਂ ਦੀਆਂ ਬਦਲਦੀਆਂ ਲੋੜਾਂ ਦੇ ਅਨੁਕੂਲ ਹਨ, ਵਿਕਸਤ ਕਰਨ ਲਈ $132 ਮਿਲੀਅਨ ਮੁਹੱਈਆ ਕਰਕੇ ਵਿਦਿਆਰਥੀਆਂ ਨੂੰ ਚੰਗੀਆਂ ਨੌਕਰੀਆਂ ਲਈ ਤਿਆਰ ਕਰਨਾ ਜਿਸ ਵਿੱਚ ਸ਼ਾਮਲ ਹਨ – ਸਥਾਨਕ ਰੁਜ਼ਗਾਰਦਾਤਾਵਾਂ ਨਾਲ ਸਾਂਝੀਦਾਰੀ ਨੂੰ ਮਜ਼ਬੂਤ ਕਰਨਾ, ਜ਼ਿਆਦਾ ਲਚਕੀਲੀ ਅਤੇ ਅਨੁਭਵ ਅਧਾਰਤ ਸਿੱਖਿਆ ਪੇਸ਼ ਕਰਨਾ ਅਤੇ ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਮੈਥੇਮੈਟਿਕਸ (ਸਟੈਮ - STEM) ਗ੍ਰੈਜੂਏਟਾਂ ਦੀ ਸੰਖਿਆ ਨੂੰ ਅਗਲੇ ਪੰਜ ਸਾਲਾਂ ਵਿੱਚ 25 ਪ੍ਰਤੀਸ਼ਤ ਨਾਲ ਵੱਧਾਉਣਾ, ਪ੍ਰਤੀ ਸਾਲ 40,000 ਤੋਂ 50,000 ਤੱਕ।
- ਅਗਲੇ 10 ਸਾਲਾਂ ਵਿੱਚ $900 ਮਿਲੀਅਨ ਦੇ ਵਾਧੇ ਨਾਲ ਨੌਕਰੀ ਅਤੇ ਖੁਸ਼ਹਾਲੀ (ਜ਼ੌਬਜ ਐਂਡ ਪ੍ਰੌਸਪੈਰਿਟੀ ਫੰਡ) ਨੂੰ ਨਵਾਂ ਕਰਕੇ ਅਤੇ ਵਧਾ ਕੇ 70,000 ਤੋਂ ਵੱਧ ਨੌਕਰੀਆਂ ਨੂੰ ਸਿਰਜਣ ਅਤੇ ਬਣਾਈ ਰੱਖਣ ਦੀ ਯੋਜਨਾਬੰਦੀ ਕਰਨਾ।
- ਅਗਲੇ ਤਿੰਨ ਸਾਲਾਂ ਵਿੱਚ ਓਨਟਾਰਿਓ ਦੇ ਕਾਰੋਬਾਰਾਂ, ਵਿਦਿਆਰਥੀਆਂ ਅਤੇ ਗ੍ਰੈਜੂਏਟਾਂ ਨੂੰ ਸਹਾਰਾ ਦੇਣ ਅਤੇ ਅੱਛੀਆਂ, ਚੰਗੇ-ਵੇਤਨ ਵਾਲੀਆਂ ਨੌਕਰੀਆਂ ਨੂੰ ਅਕਰਸ਼ਤ ਕਰਨ ਵਿੱਚ ਸਹਾਇਤਾ ਵਾਸਤੇ ਗੁਡ ਜ਼ੌਬਜ ਐਂਡ ਗਰੋਥ ਪਲਾਨ ਰਾਹੀਂ ਨਵੀਂ ਫੰਡਿੰਗ ਵਿੱਚ $935 ਮਿਲੀਅਨ ਮੁਹੱਈਆ ਕਰਨਾ।
- ਲਿੰਗਾਂ ਵਿੱਚ ਤਨਖਾਹ ਸੰਬੰਧੀ ਫਾਸਲੇ ਨਾਲ ਨਜਿੱਠ ਕੇ ਅਤੇ ਪ੍ਰਸਤਾਵਿਤ ਕਾਨੂੰਨ, ਜੇ ਉਹ ਪਾਸ ਹੋ ਜਾਂਦਾ ਹੈ, ਹੇਠ ਜਨਤਕ ਰੂਪ ਨਾਲ ਪੋਸਟ ਕੀਤੀਆਂ ਗਈਆਂ ਸਾਰੀਆ ਨੌਕਰੀਆਂ ਲਈ ਪੇ ਰੇਟ ਜਾਂ ਸੈਲਰੀ ਸਕੇਲ ਸ਼ਾਮਲ ਕਰਨ ਦੀ ਲੋੜ ਦੇ ਨਾਲ ਨੌਕਰੀ ਤੇ ਰੱਖਣ ਦੀ ਕਾਰਵਾਈ ਵਿੱਚ ਪਾਰਦਰਸ਼ਤਾ ਨੂੰ ਵਧਾ ਕੇ ਕੰਮ ਦੇ ਸਥਾਨਾਂ ਨੂੰ ਜ਼ਿਆਦਾ ਨਿਆਂਪੂਰਨ ਬਣਾਉਣਾ।
- ਨਿਮਨਤਮ ਤਨਖਾਹ ਨੂੰ 1 ਜਨਵਰੀ, 2018 ਨੂੰ $14 ਪ੍ਰਤੀ ਘੰਟੇ ਅਤੇ 1, ਜਨਵਰੀ, 2019 ਨੂੰ $15 ਪ੍ਰਤੀ ਘੰਟੇ ਤੱਕ ਵਧਾ ਕੇ ਓਨਟਾਰਿਓ ਭਰ ਵਿੱਚ 1.2 ਮਿਲਿਅਨ ਲੋਕਾਂ ਵਾਸਤੇ ਲੰਮੇ ਸਮੇਂ ਤੋਂ ਉਡੀਕ ਕੀਤਾ ਜਾ ਰਿਹਾ ਵਾਧਾ ਮੁਹੱਈਆ ਕਰਨਾ।

ਪ੍ਰਾਂਤ ਨੇ ਮੰਦਵਾੜੇ ਤੋਂ ਬਾਅਦ ਹਰ ਸਾਲ ਉਸ ਦੇ ਵਿੱਤੀ ਟੀਚਿਆਂ ਨੂੰ ਪਿੱਛੇ ਛੱਡ ਦਿੱਤਾ ਹੈ, ਅਤੇ 2017 – 18 ਵਿੱਚ ਬਚਤ ਦਾ ਪੂਰਵ ਅਨੁਮਾਨ ਕਰ ਰਿਹਾ ਹੈ। 2018 – 19 ਵਿੱਚ ਸ਼ੁਰੂਆਤ ਕਰਕੇ, ਓਨਟਾਰਿਓ ਦੇਖਭਾਲ ਅਤੇ ਉਨ੍ਹਾਂ ਸੇਵਾਵਾਂ ਵਿੱਚ ਜ਼ਿਆਦਾ ਨਿਵੇਸ਼ ਕਰਨ ਦੀ ਚੋਣ ਕਰ ਰਿਹਾ ਹੈ ਜਿੰਨ੍ਹਾਂ ਤੇ ਲੋਕ ਨਿਰਭਰ ਕਰਦੇ ਹਨ। ਇਸ ਦੇ ਨਤੀਜੇ ਵਜੋਂ, ਪ੍ਰਾਂਤ ਵਿੱਚ ਜੀਡੀਪੀ ਦੇ ਇੱਕ ਪ੍ਰਤੀਸ਼ਤ ਤੋਂ ਘੱਟ ਦੀ ਸੰਕੋਚਵਾਨ ਕਮੀ ਹੋਏਗੀ। ਬਜਟ, ਪ੍ਰਾਂਤ ਦੇ ਜ਼ਿੰਮੇਵਾਰ ਵਿੱਤੀ ਪ੍ਰਬੰਧਨ ਦੇ ਲੰਮੇ ਟ੍ਰੈਕ ਰਿਕਾਰਡ ਤੇ ਅਗੇ ਕੰਮ ਕਰਦੇ ਹੋਏ, 2024-25 ਤੱਕ ਸੰਤੁਲਨ ਤੱਕ ਵਾਪਸੀ ਦਾ ਰਾਹ ਉਲੀਕਦਾ ਹੈ।

## ਉਕਤੀ

“ਓਨਟਾਰਿਓ ਦੀ ਅਰਥ ਵਿਵਸਥਾ ਮਜ਼ਬੂਤ ਹੋ ਰਹੀ ਹੈ, ਕਾਰੋਬਾਰ ਰਿਕਾਰਡ ਸੰਖਿਆ ਵਿੱਚ ਨੌਕਰੀਆਂ ਉਤਪੰਨ ਕਰ ਰਹੇ ਹਨ, ਅਤੇ ਬੇਰੁਜ਼ਗਾਰੀ ਲਗਭਗ ਦੋ ਦਹਾਕਿਆਂ ਵਿੱਚ ਸਭ ਤੋਂ ਘੱਟ ਦਰ ਤੇ ਹੈ। ਸਾਡਾ ਬਜਟ ਸੰਤੁਲਿਤ ਹੈ। ਸਾਡੇ ਕੋਲ ਬਚਤ ਵਿੱਚ $600 ਮਿਲੀਅਨ ਹਨ। ਹੁਣ ਅਸੀਂ ਆਪਣੀ ਮਜ਼ਬੂਤ ਹੋਈ ਸਥਿਤੀ ਨੂੰ ਪਰਿਵਾਰਾਂ ਵਾਸਤੇ ਜੀਵਨ ਨੂੰ ਜ਼ਿਆਦਾ ਕਿਫਾਇਤੀ ਬਣਾਉਣ ਅਤੇ ਪ੍ਰਾਂਤ  ਭਰ ਵਿੱਚ ਕਾਰੋਬਾਰਾਂ ਲਈ ਨਵੇਂ ਅਵਸਰ ਸਿਰਜਣ ਲਈ ਵਰਤ ਰਹੇ ਹਾਂ। 2018 ਬਜਟ ਵਿੱਚ ਹੋਰ ਜ਼ਿਆਦਾ ਪਰਿਵਾਰਾਂ ਨੂੰ ਅਗੇ ਵੱਧਣ ਵਿੱਚ ਸਹਾਇਤਾ ਕਰਨ ਲਈ ਸਿਹਤ ਦੇਖਭਾਲ, ਚਾਇਲ਼ਡ ਕੇਅਰ ਅਤੇ ਬਜ਼ੁਰਗਾਂ ਦੀ ਦੇਖਭਾਲ ਵਿੱਚ ਨਵੇਂ ਨਿਵੇਸ਼ ਸ਼ਾਮਲ ਹੋਣਗੇ।”

— ਚਾਰਲਜ਼ ਸੂਜ਼ਾ, ਮਨਿਸਟਰ ਆਫ ਫਾਈਨੈਂਸ

## ਮੁੱਖ ਤੱਥ

- ਸਰਕਾਰ ਪ੍ਰਾਥਮਿਕਤਾ ਵਾਲੇ ਖੇਤਰਾਂ ਜਿਵੇਂ ਕਿ ਸਿਹਤ ਦੇਖਭਾਲ, ਸਿੱਖਿਆ, ਚਾਇਲਡ ਕੇਅਰ, ਬਜ਼ੁਰਗਾਂ, ਸਮਾਜਕ ਸੇਵਾਵਾਂ, ਅਰਥ ਵਿਵਸਥਾ ਨੂੰ ਵਧਾਉਣ ਅਤੇ ਚੰਗੀਆਂ ਨੌਕਰੀਆਂ ਉਤਪੰਨ ਕਰਨ ਤੇ ਧਿਆਨ ਕੇਂਦਰਿਤ ਕਰਦੇ ਹੋਏ, ਅਗਲੇ ਤਿੰਨ ਸਾਲਾਂ ਵਿੱਚ ਅਜਿਹੀਆਂ ਮਹੱਤਵਪੂਰਨ ਜਨਤਕ ਸੇਵਾਵਾਂ ਨੂੰ ਸਹਾਰਾ ਦੇਣ ਵਾਸਤੇ $20.3 ਬਿਲੀਅਨ ਦੇ ਨਵੇਂ ਨਿਵੇਸ਼ ਕਰਨ ਦੀ ਚੋਣ ਕਰ ਰਹੀ ਹੈ ਜਿੰਨ੍ਹਾਂ ਤੇ ਓਨਟਾਰਿਓ ਵਿਚਲੇ ਲੋਕ ਨਿਰਭਰ ਕਰਦੇ ਹਨ।
- ਮੰਦਵਾੜੇ ਤੋਂ ਬਾਅਦ ਓਨਟਾਰਿਓ ਦੀ ਅਰਥ ਵਿਵਸਥਾ ਵਿੱਚ 800,000 ਤੋਂ ਵੱਧ ਅਸਲ ਨਵੀਆਂ ਨੌਕਰੀਆਂ ਦਾ ਵਾਧਾ ਹੋਇਆ ਹੈ। ਬੇਰੁਜ਼ਗਾਰੀ ਦਾ ਰੇਟ ਸਥਿਰਤਾ ਨਾਲ ਘਟਦੇ ਹੋਏ ਫਰਵਰੀ 2018 ਵਿੱਚ 17 ਸਾਲਾਂ ਵਿੱਚ ਸਭ ਤੋਂ ਘੱਟ ਤੱਕ ਪਹੁੰਚ ਗਿਆ ਹੈ ਅਤੇ 34 ਕ੍ਰਮਵਾਰ ਮਹੀਨਿਆਂ ਲਈ ਰਾਸ਼ਟਰੀ ਔਸਤ ਤੋਂ ਹੇਠਾਂ ਰਿਹਾ ਹੈ।
- 2014 ਤੋਂ ਓਨਟਾਰਿਓ ਦੀ ਅਰਥ ਵਿਵਸਥਾ ਕੈਨੇਡਾ ਅਤੇ ਸਾਰੇ ਦੂਸਰੇ ਜੀ7 ਦੇਸ਼ਾਂ ਤੋਂ ਜ਼ਿਆਦਾ ਵੱਧੀ ਹੈ।

## ਵਾਧੂ ਸਾਧਨ

- *2018 ਓਨਟਾਰਿਓ ਬਜਟ: ਯੋਜਨਾ ਅਤੇ ਅਵਸਰ ਲਈ ਇੱਕ ਯੋਜਨਾ* ਪੜ੍ਹੋ
    - ਸਰਕਾਰ ਦੀ ਯੋਜਨਾ ਬਾਰੇ ਹੋਰ ਜਾਣਕਾਰੀ ਲਈ, ਤੱਥ ਸ਼ੀਟਾਂ ਪੜ੍ਹੋ::
        - ਓਨਟਾਰਿਓ ਬਜਟ 2018: 10 ਮੁੱਖ ਹਾਈਲਾਇਟਾਂ
        - ਰੋਜ਼ਮੱਰਾ ਜੀਵਨ ਨੂੰ ਜ਼ਿਆਦਾ ਕਿਫਾਇਤੀ ਬਣਾਉਣਾ
        - ਹੋਰ ਜ਼ਿਆਦਾ ਚਾਇਲਡ ਕੇਅਰ, ਹੋਰ ਜ਼ਿਆਦਾ ਚੋਣ
        - ਓਨਟਾਰਿਓ ਦੇ ਬਜ਼ੁਰਗਾਂ ਦੀ ਦੇਖਭਾਲ ਕਰਨਾ

- ਸਿਹਤ ਦੇਖਭਾਲ ਤੱਕ ਜ਼ਿਆਦਾ ਤੇਜ਼, ਬਿਹਤਰ ਪਹੁੰਚ
- ਦੇਖਭਾਲ ਲਈ ਯੋਜਨਾ
- ਓਨਟਾਰਿਓ ਦੀ ਪ੍ਰਤੀਦਵੰਦਤਾ ਨੂੰ ਵਧਾਉਣਾ ਅਤੇ ਚੰਗੀਆਂ ਨੌਕਰੀਆਂ ਉਤਪੰਨ ਕਰਨਾ
- ਓਨਟਾਰਿਓ ਦਾ ਆਰਥਿਕ ਅਤੇ ਵਿੱਤੀ ਕਾਰਜ ਕੇਂਦਰ

---

**ਕੇਵਲ ਮੀਡੀਆ ਸੰਬੰਧੀ ਪੁੱਛ ਗਿੱਛ ਲਈ:**

Jessica Martin, Minister's Office

jessica.martin@ontario.ca, 416-212-5181

Scott Blodgett, Ministry of Finance

scott.blodgett@ontario.ca, 416-325-0324

**ontario.ca/finance**

*Disponible en français*